ਨੰ:2/10/2014-ਰਸ1/ 939

ਪੰਜਾਬ ਸਰਕਾਰ

ਭਲਾਈ ਵਿਭਾਗ

(ਰਿਜ਼ਰਵੇਸ਼ਨ ਸੈੱਲ)

ਸੇਵਾ ਵਿਖੇ

(1) ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
(2) ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰ,
(3) ਰਾਜ ਦੇ ਸਾਰੇ ਡਿਪਟੀ ਕਮਿਸ਼ਨਰ,
(4) ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ,
(5) ਰਾਜ ਦੇ ਸਮੂਹ ਸੈਸ਼ਨ ਜੱਜ ਅਤੇ
(6) ਰਾਜ ਦੇ ਸਮੂਹ ਉਪ-ਮੰਡਲ, ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 12-9-2014

ਵਿਸ਼ਾ:- ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਆਸਾਮੀਆਂ ਡੀ-ਰਿਜ਼ਰਵ ਕਰਾਉਣ ਸਬੰਧੀ।

*****

ਸ਼੍ਰੀ ਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ: 1146-ਓ.ਐਸ.ਡੀ.(ਡਬਲਯੂ)2-70/13370, ਮਿਤੀ 28-5-1970, ਚਿਤਾਵਨੀ ਪੱਤਰ ਨੰ: 4/17/99-ਰਸ1/521, ਮਿਤੀ 24-5-1999 ਅਤੇ ਪੱਤਰ ਨੰ: 2/11/2003-ਰਸ1/845, ਮਿਤੀ 7-8-2003 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਵੱਲ ਦਿਵਾਉਣ ਦੀ ਹਦਾਇਤ ਹੋਈ ਹੈ। ਇਨ੍ਹਾਂ ਹਦਾਇਤਾਂ ਅਨੁਸਾਰ ਜੇਕਰ ਅਨੁਸੂਚਿਤ ਜਾਤੀਆਂ/ ਪੱਛੜੀਆਂ-ਸ਼੍ਰੇਣੀਆਂ ਲਈ ਰਾਖਵੀਆਂ ਆਸਾਮੀਆਂ ਵਾਸਤੇ ਇਨ੍ਹਾਂ ਜਾਤੀਆਂ/ ਸ਼੍ਰੇਣੀਆਂ ਦੇ ਯੋਗ ਵਿਅਕਤੀ ਉਪਲਬੱਧ ਨਹੀਂ ਹੁੰਦੇ, ਤਾਂ ਇਨ੍ਹਾਂ ਅਸਾਮੀਆਂ ਨੂੰ ਆਮ ਵਰਗ ਦੇ ਵਿਅਕਤੀਆਂ ਨਾਲ ਭਰਨ ਤੋਂ ਪਹਿਲ੍ਹਾਂ ਭਲਾਈ ਵਿਭਾਗ (ਰਿਜ਼ਰਵੇਸ਼ਨ ਸੈੱਲ) ਤੋਂ ਇਨ੍ਹਾਂ ਅਸਾਮੀਆਂ ਨੂੰ ਡੀ-ਰਿਜ਼ਰਵ ਕਰਵਾਉਣ ਦੀ ਪੂਰਵ ਪ੍ਰਵਾਨਗੀ ਲੈਣੀ ਜ਼ਰੂਰੀ ਹੁੰਦੀ ਹੈ। ਅਜਿਹੀਆਂ ਤਜਵੀਜਾਂ ਭੇਜਣ ਸਮੇਂ ਸਬੰਧਤ ਵਿਭਾਗ ਪੂਰਨ ਅਤੇ ਸਪਸ਼ਟ ਕਾਰਨ ਦੱਸੇਗਾ ਕਿ ਇਹ ਰਾਖਵੀਆਂ ਅਸਾਮੀਆਂ ਅਨੁਸੂਚਿਤ-ਜਾਤੀਆਂ/ ਪੱਛੜੀਆਂ-ਸ਼੍ਰੇਣੀਆਂ ਦੇ ਉਮੀਦਵਾਰਾਂ ਰਾਹੀਂ ਕਿਉਂ ਨਹੀਂ ਭਰੀਆਂ ਜਾ ਸਕਦੀਆਂ। ਵਿਭਾਗ ਵੱਲੋਂ ਇਹ ਵੀ ਸਪੱਸ਼ਟ ਤੌਰ ਤੇ ਦੱਸਣਾ ਹੁੰਦਾ ਹੈ ਕਿ ਅਨੁਸੂਚਿਤ-ਜਾਤੀਆਂ ਅਤੇ ਪੱਛੜੀਆਂ-ਸ਼੍ਰੇਣੀਆਂ ਦੇ ਉਮੀਦਵਾਰਾਂ ਰਾਹੀਂ ਰਾਖਵੀਆਂ ਅਸਾਮੀਆਂ ਭਰਨ ਲਈ ਕੀ ਕੀ ਉਪਰਾਲੇ ਕੀਤੇ ਗਏ ਹਨ। ਪਰੰਤੂ ਸਰਕਾਰ ਦੇ ਇਹ ਧਿਆਨ ਵਿੱਚ ਆਇਆ ਹੈ ਕਿ ਕਈ ਵਿਭਾਗ ਉਕਤ ਹਦਾਇਤਾਂ ਦੀ ਉਲੰਘਣਾ ਕਰਦੇ ਹੋਏ, ਰਾਖਵੀਆਂ ਅਸਾਮੀਆਂ ਨੂੰ ਆਪਣੇ ਪੱਧਰ ਤੇ ਸਰਕਾਰ ਦੇ ਭਲਾਈ ਵਿਭਾਗ ਤੋਂ ਡੀ- ਰਿਜ਼ਰਵ ਕਰਵਾਏ ਬਗੈਰ ਹੀ ਭਰੀ ਜਾ ਰਹੇ ਹਨ, ਜਿਸ ਦਾ ਸਰਕਾਰ/ ਭਲਾਈ ਵਿਭਾਗ ਵਲੋਂ ਗੰਭੀਰ ਨੋਟਿਸ ਲਿਆ ਗਿਆ ਹੈ, ਕਿਉ ਜੋਂ ਅਜਿਹਾ ਕਰਨ ਨਾਲ ਅਨੁਸੂਚਿਤ-ਜਾਤੀਆਂ ਅਤੇ ਪੱਛੜੀਆਂ-ਸ਼੍ਰੇਣੀਆਂ ਦੇ ਉਮੀਦਵਾਰਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਦਾ ਹੈ।

2 ਇੱਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਸੰਵਿਧਾਨ ਦੀ ਧਾਰਾ 16(4) ਅਤੇ 335 ਅਧੀਨ ਪੰਜਾਬ ਸਰਕਾਰ ਵਲੋਂ ਅਨੁਸੂਚਿਤ-ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਸੇਵਾਵਾਂ ਵਿੱਚ ਰਾਖਵਾਂਕਰਨ ਦਿੱਤਾ ਗਿਆ ਹੈ। ਅਨੁਸੂਚਿਤ-ਜਾਤੀਆਂ ਨੂੰ ਪੱਦ-ਉਨਤੀਆਂ ਵਿੱਚ ਵੀ ਰਾਖਵਾਂਕਰਨ ਦਿੱਤਾ ਗਿਆ ਹੈ। ਜਿਸ ਨੂੰ ਸਹੀ ਢੰਗ ਨਾਲ ਲਾਗੂ ਕਰਨਾ ਹਰ ਇਕ ਵਿਭਾਗ ਦੀ ਸੰਵਿਧਾਨਕ ਤੌਰ ਤੇ ਨਿੱਜੀਜਿੰਮੇਵਾਰੀ ਬਣਦੀ ਹੈ। ਭਲਾਈ ਵਿਭਾਗ ਦੇ ਪੱਤਰ ਨੰ: 1/ 46 /92- ਰਸ1 /121, ਮਿਤੀ 6-1- 1993

ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਰਿਜ਼ਰਵੇਸ਼ਨ ਨੀਤੀ ਨੂੰ ਨਾ ਲਾਗੂ ਕਰਨ ਵਾਲੇ ਅਧਿਕਾਰੀ/ ਕਰਮਚਾਰੀ ਵਿਰੁੱਧ ਸਖਤ ਕਾਰਵਾਈ ਕੀਤੇ ਜਾਣ ਦਾ ਉਪਬੰਧ ਹੈ। ਇਸ ਤੋਂ ਇਲਾਵਾ Punjab Scheduled Caste and Backward Classes (Reservation in Services) Act, 2006 ਦੇ ਉਪਬੰਧ 7 ਅਨੁਸਾਰ ਜੇਕਰ ਜਨ ਹਿੱਤ ਵਿੱਚ ਅਨੁਸੂਚਿਤ ਜਾਤੀ, ਪੱਛੜੀ ਸ਼੍ਰੇਣੀ ਦੀ ਆਸਾਮੀ ਡੀ-ਰਿਜ਼ਰਵ ਕਰਵਾਉਣ ਦੀ ਲੋੜ ਹੈ ਤਾਂ ਸਬੰਧਤ ਵਿਭਾਗ ਭਲਾਈ ਵਿਭਾਗ ਤੋਂ ਉਸ ਆਸਾਮੀ ਨੂੰ ਡੀ-ਰਿਜ਼ਰਵ ਕਰਵਾਏਗਾ। ਇਸ ਐਕਟ ਦੇ ਉਪਬੰਧ 8 ਅਨੁਸਾਰ ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੇ ਉਪਬੰਧਾਂ ਨੂੰ ਲਾਗੂ ਕਰਨ ਵਿੱਚ ਦੋਸ਼ੀ ਪਾਇਆ ਗਿਆ ਤਾਂ ਉਹ ਪੰਜਾਬ ਸਿਵਲ ਸਰਵਿਸਿਜ਼ ( ਦੰਡ ਅਤੇ ਅਪੀਲ) ਨਿਯਮਾਂਵਲੀ 1970 ਜਾਂ ਹੋਰ ਸਬੰਧਤ ਸਰਵਿਸ ਰੂਲ ਤਹਿਤ ਸਜਾ ਯੋਗ ਹੋਵੇਗਾ।

3. ਵਿਭਾਗਾਂ ਵਲੋਂ ਅਨੁਸੂਚਿਤ-ਜਾਤੀਆਂ/ ਪੱਛੜੀਆਂ ਸ਼੍ਰੇਣੀਆਂ ਲਈ ਸਿੱਧੀ ਭਰਤੀ ਦੀਆਂ ਰਾਖਵੀਆਂ ਅਸਾਮੀਆਂ, ਇਨ੍ਹਾਂ ਹੀ ਵਰਗਾਂ ਦੇ ਉਮੀਦਵਾਰਾਂ ਨਾਲ ਪੁਰ ਕੀਤੇ ਜਾਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ, ਜਿਵੇਂ ਰਾਖਵੀਆਂ ਅਸਾਮੀਆਂ ਪੁਰ ਕੀਤੇ ਜਾਣ ਲਈ ਪੰਜਾਬੀ ਅਤੇ ਅੰਗਰੇਜੀ ਅਖਬਾਰਾਂ ਵਿੱਚ ਢੁਕਵੇਂ ਢੰਗ ਨਾਲ ਵਿਗਿਆਪਨ ਦਿੱਤੇ ਜਾਣ ਤੋਂ ਇਲਾਵਾ ਰਾਜ ਪੱਧਰੀ ਰੋਜ਼ਗਾਰ ਦਫਤਰਾਂ ਅਤੇ ਰੋਜਗਾਰ ਸੈੱਲ (ਭਲਾਈ ਵਿਭਾਗ) ਦੇ ਨਾਲ-ਨਾਲ ਜਿਲ੍ਹਾ ਪੱਧਰ ਤੇ ਸਥਾਪਤ ਰੋਜ਼ਗਾਰ ਦਫਤਰਾਂ/ ਰੋਜ਼ਗਾਰ ਭਲਾਈ ਸੈਲਾਂ ਨਾਲ ਵੀ ਅਨੁਸੂਚਿਤ -ਜਾਤੀ, ਪੱਛੜੀ-ਸ਼੍ਰੇਣੀ ਨਾਲ ਸਬੰਧਤ ਉਮੀਦਵਾਰਾਂ ਦੀ ਉਪਲੱਭਤਾ ਵਾਸਤੇ ਸੰਪਰਕ ਕੀਤਾ ਜਾਣਾ ਆਦਿ। ਜੇਕਰ ਅਜਿਹਾ ਕਰਨ ਉਪਰੰਤ ਵੀ ਅਨੁਸੂਚਿਤ ਜਾਤੀ/ ਪੱਛੜੀ ਸ਼੍ਰੇਣੀ ਦੇ ਉਮੀਦਵਾਰ ਉਪਲਬੱਧ ਨਹੀਂ ਹੁੰਦੇ, ਤਾਂ ਰਾਖਵੀਆਂ ਅਸਾਮੀਆਂ ਜਨਰਲ ਵਰਗ ਦੇ ਉਮੀਦਵਾਰਾਂ ਨਾਲ ਪੁਰ ਕੀਤੇ ਜਾਣ ਤੋਂ ਪਹਿਲਾਂ ਡਾਇਰੈਕਟਰ, ਅਨੁਸੂਚਿਤ-ਜਾਤੀਆਂ ਤੇ ਪੱਛੜੀਆਂ-ਸ਼੍ਰੇਣੀਆਂ, ਪੰਜਾਬ ਤੋਂ ਨਾ-ਉਪਲੱਭਤਾ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇ ਅਤੇ ਪੱਦ-ਉਨਤੀ ਵਾਲੀ ਰਾਖਵੀਂ ਅਸਾਮੀ ਨੂੰ ਡੀ-ਰਿਜ਼ਰਵ ਕਰਾਉਣ ਲਈ ਪ੍ਰਬੰਧਕੀ ਵਿਭਾਗ ਦੀ ਪੱਧਰ ਤੇ-ਭਲਾਈ ਵਿਭਾਗ (ਰਿਜ਼ਰਵੇਸ਼ਨ ਸੈਲ) ਦੀ ਪੂਰਵ ਪ੍ਰਵਾਨਗੀ ਪ੍ਰਾਪਤ ਕੀਤੀ ਜਾਵੇ। ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਸਰਕਾਰ ਵਲੋਂ ਕਿਸੇ ਵੀ ਹਾਲਤ ਵਿੱਚ ਕਾਰਜ-ਬਾਅਦ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ। ਸਗੋਂ ਅਜਿਹੀ ਪ੍ਰਵਾਨਗੀ ਮੰਗਣ ਵਾਲੇ ਅਧਿਕਾਰੀ/ ਕਰਮਚਾਰੀ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

4. ਇਸ ਲਈ ਮੈਨੂੰ ਆਪ ਜੀ ਨੂੰ ਮੁੜ ਇਹ ਬੇਨਤੀ ਕਰਨ ਦੀ ਹਦਾਇਤ ਹੋਈ ਹੈ ਕਿ ਇਨ੍ਹਾਂ ਹਦਾਇਤਾਂ ਨੂੰ ਇੰਨ-ਬਿੰਨ ਲਾਗੂ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇ।

ਇਸ ਪੱਤਰ ਦੀ ਪਹੁੰਚ ਰਸੀਦ ਭੇਜਣ ਦੀ ਖੇਚਲ ਕੀਤੀ ਜਾਵੇ।

ਵਿਸ਼ੇਸ਼ ਸਕੱਤਰ ਭਲਾਈ

ਇਸ ਦਾ ਇਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਵਿਸ਼ੇਸ਼ ਸਕੱਤਰ ਭਲਾਈ

ਸੇਵਾ ਵਿਖੇ

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ: ਨੰ:2/10/2014-ਰਸ1/ 940 ਮਿਤੀ, ਚੰਡੀਗੜ੍ਹ: 12.9.2014